ਦਫਤਰ ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ,ਐਸ.ਏ.ਐਸ.ਨਗਰ।

(ਪ੍ਰੀਖਿਆ ਸਾਖਾ)

ਵੱਲ

ਰਾਜ ਦੇ ਸਮੂਹ ਪ੍ਰਿਸੀਪਲ,
ਜਿਲਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ ਅਤੇ
ਸਮੂਹ ਪ੍ਰਿਸੀਪਲ ਪ੍ਰਾਈਵੇਟ ਸੈਲਫ ਫਾਈਨਾਂਸਡ ਕਾਲਜ ।

ਮੀਮੋ ਨੰਬਰ:3/5-2018 ਪ੍ਰੀ(3)
ਮਿਤੀ, ਐਸ.ਏ.ਐਸ.ਨਗਰ: 21/5/18

ਵਿਸ਼ਾ:- ਸੈਸਨ 2016-18 ਸਾਲ ਦੂਜਾ (ਰੈਗੂਲਰ) ਸੈਸਨ 2016-18(ਸਾਲ ਪਹਿਲਾ) ਚਾਂਸ ਪਹਿਲਾ, 2015- 17 (ਸਾਲ ਪਹਿਲਾ) ਅੰਤਿਮ ਚਾਂਸ, ਸੈਸਨ 2014-16 (ਸਾਲ ਦੂਜਾ) ਅੰਤਿਮ ਚਾਂਸ, 2015-17(ਸਾਲ ਦੂਜਾ) ਚਾਂਸ ਪਹਿਲਾ ਰੀਪੀਅਰ ਦੀ ਪ੍ਰੀਖਿਆ ਲਈ ਡਾਟਾ ਅੱਪਲੋਡ ਕਰਨ ਸਬੰਧੀ।

ਉਪਰੋਕਤ ਵਿਸੇ ਅਨੁਸਾਰ ਵੱਖ ਵੱਖ ਸੈਸਨਾਂ ਦੀ ਰੀ.ਅਪੀਅਰ/ਰੈਗੂਲਰ ਪ੍ਰੀਖਿਆ ਜੁਲਾਈ 2018 ਵਿੱਚ ਲੈਣ ਦੀ ਤਜਵੀਜ ਹੈ। ਇਸ ਸਬੰਧੀ ਡਾਇਰੈਕਟੋਰੇਟ ਵੱਲੋ ਇਸ ਕੰਮ ਲਈ ਵੈਬਸਾਈਟ www.ssapunjab.org ਤਿਆਰ ਕੀਤੀ ਗਈ ਹੈ। ਵਿਸਾ ਅੰਕਿਤ ਲਈਆਂ ਜਾਂਣ ਵਾਲੀਆਂ ਪ੍ਰੀਖਿਆਵਾਂ ਦੀ ਵਿਦਿਆਰਥੀ / ਵਿਸਾ ਵਾਈਜ ਗਿਣਤੀ ਅਤੇ ਵਿਦਿਆਰਥੀਆਂ ਨੂੰ ਰੋਲ ਨੰਬਰ ਜਾਰੀ ਕਰਨ ਦੀ ਪ੍ਰਿਕ੍ਰਿਆ ਇਸੇ ਸਾਈਟ ਰਾਂਹੀ ਚਲਾਈ ਜਾਵੇਗੀ। ਇਸ ਲਈ ਸਾਈਟ ਨੂੰ ਹੇਠ ਦਰਸਾਏ ਦਿਸਾ ਨਿਰਦੇਸਾਂ ਅਨੁਸਾਰ ਅੱਪ ਡੇਟ ਕੀਤਾ ਜਾਵੇ:-

1. ਵੈਬਸਾਈਟ www.ssapunjab.org

2. ਹਰ ਸੰਸਥਾ ਨੂੰ ਇੱਕ ਲਾਗਇੰਨ ਅਤੇ ਪਾਸਵਰਡ ਦਿੱਤਾ ਗਿਆ ਹੈ। ਜਿਸ ਦੀ ਮਦਦ ਨਾਲ ਸਬੰਧਤ ਸੰਸਥਾ ਵੱਲੋ ਸੈਸਨ: 2016-18 ਦੇ ਸਾਰੇ ਸਿਖਿਆਰਥੀਆਂ ਅਤੇ ਬਾਕੀ ਵਿਸਾ ਅੰਕਿਤ ਸੈਸਨਾਂ ਦੇ ਰੀ.ਅਪੀਅਰ ਦੀ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ, ਜਿੰਨਾਂ ਵੱਲੋ ਰੀ.ਚੈਕਿੰਗ ਦਾ ਫਾਰਮ ਭਰਿਆ ਗਿਆ ਹੈ ਅਤੇ ਫੇਲ ਵਿਦਿਆਰਥੀਆਂ ਦਾ ਡਾਟਾ ਵੀ ਆਨਲਾਈਨ ਦਰਜ ਕੀਤਾ ਜਾਵੇ।

3. ਇਸ ਸਾਫਟਵੇਅਰ ਅਧੀਨ ਸਭ ਤੋ ਪਹਿਲਾਂ ਸੈਸਨ ਅਨੁਸਾਰ ਵਿਦਿਆਰਥੀਆਂ ਦੀ ਜਾਂਣਕਾਰੀ ਦਰਜ ਕੀਤੀ ਜਾਵੇ ਅਤੇ ਉਸ ਨੂੰ ਚੰਗੀ ਤਰਾਂ ਚੈਕ ਕਰਕੇ ਅਪਰੂਵ ਕੀਤਾ ਜਾਵੇ।

4. ਜਦੋ ਸਾਰੇ ਵਿਦਿਆਰਥੀਆਂ ਦੀ ਜਾਂਣਕਾਰੀ ਅੱਪਲੋਡ ਹੋ ਜਾਵੇ ਤਾਂ ਵਿਦਿਆਰਥੀਆਂ ਨੂੰ ਪੇਪਰਾਂ ਲਈ ਆਨਲਾਈਨ ਰਜਿਸਟਰ ਕੀਤਾ ਜਾਵੇ । **ਇੱਥੇ ਇਹ ਸਪੱਸਟ ਕੀਤਾ ਜਾਂਦਾ ਹੈ ਕਿ ਹਰ ਵਿਦਿਆਰਥੀ ਦਾ ਸੈਸਨ ਪ੍ਰੀਖਿਆ ਦੀ ਕਿਸਮ ਅਤੇ ਵਿਸਿਆਂ ਦੀ ਜਾਂਣਕਾਰੀ ਸਹੀ ਭਰੀ ਜਾਵੇ ਅਤੇ ਇਹ ਜਾਂਣਕਾਰੀ ਚੈਕ ਕਰਨ ਉਪਰੰਤ ਹੀ ਅਪਰੂਵ ਕੀਤੀ ਜਾਵੇ ਕਿਉ ਕਿ ਇੱਕ ਵਾਰ ਅਪਰੂਵ ਹੋਣ ਉਪਰੰਤ ਇਸ ਜਾਂਣਕਾਰੀ ਵਿੱਚ ਕੋਈ ਵੀ ਤਬਦੀਲੀ ਨਹੀ ਕੀਤੀ ਜਾ ਸਕਦੀ। ਅੱਗੇ ਤੋ ਕੇਵਲ ਆਨਲਾਈਨ ਪ੍ਰਕ੍ਰਿਆ ਹੀ ਚਲਾਈ ਜਾਵੇਗੀ ਅਤੇ ਇਸ ਵਿੱਚ ਸੋਧ ਕਰਨ ਲਈ ਕੋਈ ਵੀ ਪੱਤਰ ਵਿਹਾਰ ਨਹੀ ਕੀਤਾ ਜਾਵੇਗਾ।**

5 ਲਾਗਇੰਨ ਪਾਸਵਰਡ ਜਾ ਇਸ ਸਬੰਧੀ ਕਿਸੇ ਵੀ ਕਿਸਮ ਦੀ ਤਕਨੀਕੀ ਸਹਾਇਤਾ ਲਈ ਮੁੱਖ ਦਫਤਰ ਦੀ ਐਮ.ਆਈ.ਐਸ. ਸਾਖਾ ਨਾਲ ਫੋਨ ਨੰਬਰ: 0172-5212318 ਉੱਤੇ ਸਪਰਕ ਕੀਤਾ ਜਾ ਸਕਦਾ ਹੈ।

6. ਅੱਗੇ ਤੋ ਵਿਭਾਗ ਵੱਲੋ ਇਸੇ ਪੋਰਟਲ ਰਾਂਹੀ ਹੀ ਜਾਂਣਕਾਰੀ ਅੱਪਡੇਟ ਕਰਵਾਈ ਜਾਵੇਗੀ ਅਤੇ ਪ੍ਰੀਖਿਆ ਸਬੰਧੀ ਰਜਿਸਟ੍ਰੇਸਨ ਨੰਬਰ /ਰੋਲ ਨੰਬਰ / ਪ੍ਰੀਖਿਆ ਕੇਦਰਾਂ ਅਦਿ ਦੀ ਵੰਡ ਵੀ ਇਸੇ ਪੋਰਟਲ ਰਾਂਹੀ ਕੀਤੀ ਜਾਵੇਗੀ।

7. ਸਮੂਹ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਨਵੇ ਅੱਪਡੇਟ/ਜਾਂਣਕਾਰੀ ਆਦਿ ਲਈ ਇਸ ਪੋਰਟਲ ਨੂੰ ਰੋਜਾਨਾਂ ਚੈਕ ਕਰਨ ।

ਉਕਤ ਦਰਸਾਏ ਅਨੁਸਾਰ ਸੂਚਨਾਂ ਮਿਤੀ: 28-5-2018 ਤੱਕ ਹਰ ਹਾਲ ਵਿੱਚ ਅੱਪਡੇਟ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਤਜਵੀਜ ਅਨੁਸਾਰ ਪ੍ਰੀਖਿਆ ਸਮੇ ਸਿਰ ਸੁਰੂ ਕਰਵਾਈ ਜਾ ਸਕੇ। ਸਮੂਹ ਡਾਈਟ(DIET) ਪ੍ਰਿਸਪਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਨੂੰ ਆਪਦੇ ਅਤੇ ਆਪਦੇ ਅਧੀਨ ਆਉਦੇ ਸੈਲਫ ਫਾਈਨਾਂਸਡ ਕਾਲਜ ਲਈ ਇਸ ਪੋਰਟਲ ਨੂੰ ਚਲਾਉਣ ਲਈ ਯੂਜਰ ਆਈ.ਡੀ. ਅਤੇ ਪਾਸਵਰਡ ਵੱਖਰੇ ਤੌਰ ਤੇ ਈ.ਮੇਲ ਰਾਂਹੀ ਭੇਜੇ ਜਾ ਰਹੇ ਹਨ। ਇਹ ਯੂਜਰ ਆਈ.ਡੀ.ਅਤੇ ਪਾਸਵਰਡ ਹਰ ਡਾਈਟ(DIET) ਪ੍ਰਿਸੀਪਲ ਵੱਲੋ ਆਪਣੇ ਅਧੀਨ ਆਉਦੇ ਸੈਲਫ ਫਾਈਨਾਂਸਡ ਕਾਲਜਾਂ ਦੇ ਜਿਮੇਵਾਰ ਅਧਿਕਾਰੀ/ਕਰਮਚਾਰੀ ਨੂੰ ਹੀ ਦਿੱਤੇ ਜਾਂਣ ।

ਇੱਥੇ ਇਹ ਵੀ ਦੱਸਣਾਂ ਉਚਿਤ ਹੋਵੇਗਾ ਕਿ ਉਕਤ ਵੈਬਸਾਈਟ ਤੇ ਡਾਟਾ ਕੇਵਲ ਸੰਸਥਾ ਦੇ ਜਿਮੇਵਾਰ ਅਧਿਕਾਰੀ/ਕਰਮਚਾਰੀ ਵੱਲੋ ਹੀ ਅੱਪਲੋਡ ਕੀਤਾ ਜਾਵੇ ਨਾ ਕਿ ਕਿਸੇ ਵਿਦਿਆਰਥੀ/ਕੈਫੇ ਤੋ ਕਰਵਾਇਆ ਜਾਵੇ ਅਤੇ ਇਸ ਦੀ ਸੀਕਰੇਸੀ ਹਰ ਪੱਖੋ ਬਰਕਰਾਰ ਰੱਖਣੀ ਯਕੀਨੀ ਬਣਾਈ ਜਾਵੇ।

21/5/18
ਸਹਾਇਕ ਰਜਿਸਟਰਾਰ(ਪ੍ਰੀਖਿਆਵਾਂ)